# ਸਿਟੀ ਵਿੱਚ ਕੀ-ਕੀ ਹੈ ਨਵਾਂ? ਅਗਸਤ 2020

ABBOTSFORD

## ਸਿਟੀ ਸੇਵਾਵਾਂ ਵਿੱਚ ਅੱਪਡੇਟ



ਫਿਲਹਾਲ ਸਿਟੀ ਦੀਆਂ ਸਾਰੀਆਂ ਸੇਵਾਵਾਂ ਔਨਲਾਈਨ ਅਤੇ ਫੋਨ ਤੇ ਉਪਲਭਦ ਹਨ। ਜੇ ਤੁਹਾਨੂੰ ਕਿਸੇ ਵੀ ਤਰਾਂ ਦੀ ਮੱਦਦ ਦੀ ਲੋੜ ਹੈ ਜਾਂ ਤੁਹਾਨੂੰ ਕਿਸੇ ਮਹਿਕਮੇ ਵਾਰੇ ਪਤਾ ਨਹੀਂ ਲੱਗ ਰਿਹਾ ਤਾਂ ਕਿਰਪਾ ਕਰਕੇ ਸਾਡੇ ਮੁੱਖ ਸਵਿੱਚਬੋਰਡ 604-853-2281 ਤੇ ਫੋਨ ਕਰੋ।

## ਵਿਅਕਤੀਗਤ ਮੁਲਾਕਾਤਾਂ

ਸਿਟੀ ਹਾਲ ਨੇ ਕੁਝ ਗਿਣੀਆਂ ਚੁਣੀਆਂ ਸੇਵਾਵਾਂ ਲਈ ਵਿਅਕਤੀਗਤ ਮੁਲਾਕਾਤਾਂ ਸੁਰੂ ਕੀਤੀਆਂ ਹਨ। ਕੈਸ਼ੀਅਰ ਖੁੱਲ੍ਹੇ ਰਹਿਣਗੇ ਅਤੇ ਇਨ੍ਹਾਂ ਲਈ ਕੋਈ ਅਪੌਇੰਟਮੈਂਟ ਦੀ ਜ਼ਰੂਰਤ ਨਹੀਂ ਹੈ।

ਸਿਟੀ ਹਾਲ ਪਹੁੰਚਣ ਤੋਂ ਪਹਿਲਾਂ, ਕਿਰਪਾ ਕਰਕੇ ਆਪਣੇ ਉਚਿਤ ਮਹਿਕਮੇ ਵਿੱਚ ਫੋਨ ਕਰਕੇ ਵਿਅਕਤੀਗਤ ਮੁਲਾਕਾਤ ਲਈ ਟਾਈਮ ਬੁੱਕ ਕਰੋ। ਅਪੌਇੰਟਮੈਂਟ ਸਿਰਫ ਇੱਕ ਬੰਦੇ ਲਈ ਹੀ ਹੈ।

ਸਿਟੀ ਹਾਲ ਨਾਲ ਸੰਪਰਕ ਸੀਮਿਤ ਰਹੇਗਾ ਅਤੇ ਸਰੀਰਕ ਦੂਰੀ ਦੇ ਪੈਮਾਨੇ ਲਏ ਜਾਣਗੇ। ਮੁਲਾਕਾਤੀਆਂ ਨੂੰ ਨੌਰਥ ਐਂਟ੍ਰੈਂਸ ਕੈਨੋਪੀ ਦੇ ਹੇਠਾਂ ਤੋਂ ਆਪਣੇ ਅਪੌਇੰਟਮੈਂਟ ਟਾਈਮ ਤੋਂ ਪਹਿਲਾਂ ਅੰਦਰ ਆਉਣਾ ਹੈ। ਅਸੀਂ ਤੁਹਾਡੀ ਸਹਿਣਸ਼ੀਲਤਾ ਲਈ ਬਹੁਤ ਧੰਨਵਾਦੀ ਹਾਂ ਜਿਵੇਂ ਜਿਵੇਂ ਅਸੀਂ ਸਾਰਿਆਂ ਨੂੰ ਤੰਦਰੁਸਤ ਅਤੇ ਸੁਰੱਖਿਅਤ ਰੱਖ ਰਹੇ ਹਾਂ।

**ਅਪੌਇੰਟਮੈਂਟ ਲਈ ਫੋਨ ਨੰਬਰ:**

- ਬਿਲਡਿੰਗ ਅਤੇ ਬਿਜ਼ਨੈੱਸ ਲਾਈਸੈਂਸ (ਪਹਿਲੀ ਮੰਜ਼ਿਲ): 604-864-5525
- ਸਿਟੀ ਕਲਰਕ ਆਫਿਸ (ਪੰਜਵੀਂ ਮੰਜ਼ਿਲ): 604-864-5506
- ਇੰਜੀਨੀਅਰਿੰਗ (ਚੌਥੀ ਮੰਜ਼ਿਲ): 604-864-5514
- ਪਾਰਕਾਂ, ਰੀਕਰੀਏਸ਼ਨ ਅਤੇ ਸੱਭਿਆਚਾਰ (ਤੀਜੀ ਮੰਜ਼ਿਲ):604-859-3134
- ਪਲੈਨਿੰਗ ਅਤੇ ਡਵੇਲਪਮੈਂਟ ਸਰਵਿਸਸ (ਦੂਜੀ ਮੰਜ਼ਿਲ): 604-864-5510

ਹੋਰ ਜਾਣਕਾਰੀ ਵਾਸਤੇ **abbotsford.ca/reopening.**

## ਵੇਸਟ ਵਿਜ਼ਾਰਡ ਮੁਕਾਬਲਾ



ਵੇਸਟ ਵਿਜ਼ਾਰਡ ਨੂੰ ਅਜ਼ਮਾਓ ਅਤੇ $100 VISA ਗਿਫਟ ਕਾਰਡ ਜਿੱਤਣ ਲਈ ਦਾਖਲ ਹੋਵੋ! ਵੇਸਟ ਵਿਜ਼ਾਰਡ ਦੀ ਵਰਤੋਂ ਕਰਕੇ 5 ਸਵਾਲਾਂ ਦੇ ਸਹੀ ਜਵਾਬ ਦਵੋ ਅਤੇ ਡਰਾਅ ਵਾਸਤੇ ਆਪਣਾ ਨਾਮ ਐਬਟਸਫੋਰਡ ਕਰਬਸਾਈਡ ਕਲੈਕਸ਼ਨ ਐਪ ਦੇ ਰਾਹੀਂ ਦਾਖਲ ਕਰੋ। ਪੂਰੀ ਜਾਣਕਾਰੀ ਅਤੇ ਮੁਕਾਬਲੇ ਦੇ ਨਿਯਮ ਜਾਨਣ ਲਈ **abbotsford.ca/wastewizard** ਤੇ ਜਾਵੋ।

## ਰੀਕ੍ਰੀਏਸ਼ਨ ਸਰਵਿਸਿਜ਼



ਬੀ.ਸੀ. ਦੇ ਰੀ-ਸਟਾਰਟ ਪਲੈਨ ਨਾਲ਼ ਚਲਦਿਆਂ ਸਿਟੀ ਆਫ ਐਬਟਸਫੋਰਡ ਦੇ ਪਲੈਨ ਨੇ ਹੌਲੀ ਹੌਲੀ ਸੁਰੱਖਿਅਤਾ ਨਾਲ਼ ਮੈਟਸਕੀ ਰੀਕ੍ਰੀਏਸ਼ਨ ਸੈਂਟਰ ਪੂਲ ਨੂੰ ਸੋਧੀਆਂ ਗਈ ਸਵਿਮਿੰਗ ਗਤੀਵਿਧੀਆਂ ਲਈ ਖੋਲ੍ਹ ਦਿੱਤਾ ਹੈ।

ਮੁੜ ਖੁੱਲ੍ਹੀਆਂ ਸਿਟੀ ਦੀਆਂ ਸੁਵੀਧਾਵਾਂ ਪ੍ਰੋਵਿੰਸ਼ੀਅਲ ਹੈਲਥ ਅਫਸਰ ਦੇ ਨਿਰਦੇਸ਼ ਨਾਲ਼ ਚਲਣਗੀਆਂ। ਕਿਸੇ ਵੀ ਸਵਿਮਿੰਗ ਗਤੀਵਿਧੀ ਤੋਂ 24 ਘੰਟੇ ਪਹਿਲਾਂ ਪ੍ਰੀ-ਰਜਿਸਟ੍ਰੇਸ਼ਨ ਕਰਨੀ ਅਤੇ ਅੰਦਰ ਜਾਣ ਤੋਂ ਪਹਿਲਾਂ ਹੈਲਥ ਚੈਕ ਅੱਪ ਵੀ ਜ਼ਰੂਰੀ ਹੈ। ਰਜਿਸਟਰ ਕਰਨ ਵਾਸਤੇ **abbotsford.ca/leisure/recreation/lessons _and_programs.htm** ਤੇ ਜਾਵੋ।

## ਸਿਟੀ ਕੌਂਸਿਲ ਬਾਰੇ ਜਾਣਕਾਰੀ

### ਪਬਲਿਕ ਹੀਅਰਿੰਗ ਵਿੱਚ ਬਦਲਾਓ

ਪਬਲਿਕ ਹੀਅਰਿੰਗ ਪਹਿਲਾਂ ਵਾਂਗ ਹੀ ਤਹਿ ਕੀਤੀਆਂ ਜਾਣਗੀਆਂ ਪਰ ਸਰੀਰਕ ਦੂਰੀ ਵੱਲ ਧਿਆਨ ਦਿੰਦੇ ਹੋਏ ਵੱਧ ਤੋਂ ਵੱਧ 50 ਬੰਦੇ ਹੀ ਇਕੱਠੇ ਹੋਣਗੇ।

### ਸਿਟੀ ਕੌਂਸਿਲ ਬਰੌਡਕਾਸਟ



ਸਿਟੀ ਕੌਂਸਿਲ ਦੀਆਂ ਮੀਟਿੰਗਾਂ ਅਤੇ ਏਜੈਂਡਾਜ਼ **abbotsford.ca/councilagendas** ਤੇ ਉਪਲਭਦ ਹਨ। ਸਾਰੇ ਲੋਕਾਂ ਨੂੰ ਕੌਂਸਿਲ ਮੀਟਿੰਗਾਂ ਔਨਲਾਈਨ **abbotsford.ca/watchcouncilonline** ਤੇ ਦੇਖਣ ਦੀ ਬੇਨਤੀ ਹੈ।

### ਕੌਂਸਿਲ ਮੀਟਿੰਗਾਂ ਦਾ ਵੇਰਵਾ

ਅਗਸਤ 24: ਕੋਈ ਮੀਟਿੰਗ ਨਹੀਂ

ਅਗਸਤ 31: ਦੁਪਹਿਰ 3 ਵਜੇ ਐਗਜ਼ੈਕੁਟਿਵ ਕੁਮਿਟੀ<br>ਸ਼ਾਮ 7 ਵਜੇ ਪਬਲਿਕ ਹੀਅਰਿੰਗ/ ਰੋਜਾਨਾ ਕੌਂਸਿਲ

ਸਤੰਬਰ 7: ਕੋਈ ਮੀਟਿੰਗ ਨਹੀਂ

ਸਤੰਬਰ 14: ਦੁਪਹਿਰ 3 ਵਜੇ ਐਗਜ਼ੈਕੁਟਿਵ ਕੁਮਿਟੀ<br>ਸ਼ਾਮ 7 ਵਜੇ ਪਬਲਿਕ ਹੀਅਰਿੰਗ/ ਰੋਜਾਨਾ ਕੌਂਸਿਲ

ਸਤੰਬਰ 21: ਕੋਈ ਮੀਟਿੰਗ ਨਹੀਂ

ਸਤੰਬਰ 28: ਦੁਪਹਿਰ 3 ਵਜੇ ਐਗਜ਼ੈਕੁਟਿਵ ਕੁਮਿਟੀ<br>ਸ਼ਾਮ 7 ਵਜੇ ਪਬਲਿਕ ਹੀਅਰਿੰਗ/ ਰੋਜਾਨਾ ਕੌਂਸਿਲ